**ਪੰਜਾਬ ਐਜੂਸੈਟ ਸੁਸਾਇਟੀ**
**ਐਸ.ਸੀ ਓ ਨੰ:104-106 , ਦੂਜੀ ਮੰਜ਼ਿਲ, ਸੈਕਟਰ-34ਏ ਚੰਡੀਗੜ੍ਹ।**
**ਫੋਨ ਨੰ: 0172-2623207, 2621104, 2621106, ਫੈਕਸ : 2624687ਈ-ਮੇਲ**
**edusat_sapunjab@yahoo.co.in**

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਸਮੂਹ ਜਿਲ੍ਹਾ ਸਾਇੰਸ ਸੁਪਰਵਾਈਜ਼ਰ ਦ:ਜਿ:ਸਿ:ਅ: (ਸੈ:ਸਿ:)ਪੰਜਾਬ।
ਮੀਮੋ ਨੰ:24/**NTSE/NMMS/2010/PES**/1124
ਮਿਤੀ: 19-5-2010

ਵਿਸ਼ਾ:- ਐਨ ਟੀ.ਐਸ.ਈ/ਐਨ ਐਮ.ਐਮ ਐਸ ਲਈ ਅਧਿਆਪਕਾਂ ਦੀ ਟਾਸਕ ਫੋਰਸ ਦੀ ਟ੍ਰੇਨਿੰਗ ਅਤੇ ਤਹਿਸੀਲ ਪੱਧਰ ਤੇ ਹੁਸਿਆਰ ਵਿਦਿਆਰਥੀਆਂ ਦੀ ਕੋਚਿੰਗ ਸਬੰਧੀ।

ਉਪਰੋਕਤ ਵਿਸ਼ੇ ਅਨੁਸਾਰ ਮਿਤੀ: 01 ਜੂਨ ਤੋ 4 ਜੂਨ 2010 ਤੱਕ ਜ਼ਿਲਿਆਂ ਲਈ ਅਧਿਆਪਕਾਂ ਟਾਸਕ ਫੋਰਸ ਦੀ ਟ੍ਰੇਨਿੰਗ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ 3ਬੀ-1 ਮੋਹਾਲੀ ਵਿਖੇ ਹੇਠ ਲਿਖੇ ਅਨੁਸਾਰ ਵਰਕਸ਼ਾਪਾਂ ਦੁਆਰਾ ਕਰਵਾਈ ਜਾਵੇਗੀ:-

| ਲੜੀ ਨੰ: | ਮਿਤੀ/ਸਮਾ | ਵਿਸ਼ਾ |
|---|---|---|
| 1 | 1-06-2010 / 9-00 ਤੋ 5-00 ਤੱਕ | ਮਾਨਸਿਕ ਯੋਗਤਾ |
| 2 | 2-06-2010/9-00 ਤੋ 5-00 ਤੱਕ | ਸਾਇੰਸ |
| 3 | 3-6-2010/9-00 ਤੋ 5-00 ਤੱਕ | ਹਿਸਾਬ |
| 4 | 4-6-2010/9-00 ਤੋ 5-00 ਤੱਕ | ਸਮਾਜਿਕ ਸਿੱਖਿਆ |

ਰਾਜ ਦੀਆਂ 76 ਤਹਿਸੀਲਾਂ ਵਿੱਚੋ ਉਪਰੋਕਤ ਵਰਕਸ਼ਾਪ ਦੌਰਾਨ ਹਰ ਰੋਜ਼ ਹਰ ਵਿਸ਼ੇ ਦਾ ਇੱਕ ਅਧਿਆਪਕ ਹੀ ਭੇਜਿਆ ਜਾਵੇ।ਜ਼ਿਆਦਾ ਅਧਿਆਪਕ ਭੇਜਣ ਵਾਸਤੇ ਅਗੇਤੀ ਆਗਿਆ ਲਈ ਜਾਵੇ।

ਉਪਰੋਕਤ ਵਰਕਸ਼ਾਪਾਂ ਵਿੱਚ ਟ੍ਰੇਨਿੰਗ ਲੈਣ ਵਾਲੇ ਅਧਿਆਪਕ ਆਪਣੇ ਜਿਲਿਆਂ ਵਿੱਚ ਤਹਿਸੀਲ ਪੱਧਰ ਤੇ ਗਰਮੀਆਂ ਦੀਆ ਛੁੱਟੀਆਂ ਦੌਰਾਨ ਹੀ ਹੁਸਿਆਰ ਵਿਦਿਆਰਥੀਆਂ ਦੀ ਕੋਚਿੰਗ ਕਰਵਾਉਣਗੇ। ਇਸ ਮੰਤਵ ਲਈ ਬਾਰੇ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਹੇਠ ਲਿਖੇ ਅਨੁਸਾਰ ਤਿਆਰੀ ਕਰਨਗੇ:-

1) ਹੁਸਿਆਰ ਵਿਦਿਆਰਥੀਆਂ ਦੀ ਕੋਚਿੰਗ ਕਰਵਾਉਣ ਲਈ 4-4 ਦਿਨਾਂ ਦੇ ਤਹਿਸੀਲ ਪੱਧਰ ਤੇ ਕੈਂਪ ਲਗਾਏ ਜਾਣਗੇ , ਜਿਨ੍ਹਾਂ ਲਈ ਟਾਈਮ ਟੇਬਲ ਹੇਠ ਲਿਖੇ ਅਨੁਸਾਰ ਰੱਖਿਆ ਜਾਵੇਗਾ:

| ਪੀਰੀਅਡਜ਼ | | | | | | | | |
|---|---|---|---|---|---|---|---|---|
| ਦਿਨ | 8.30 ਤੋ 9.15 | 9.15 ਤੋ 10.00 | 10 00 ਤੋ 10 15 | 10 15 ਤੋ 11.00 | 11.00 ਤੋ 11.45 | 11.45 ਤੋ 12.30 | 12.30 ਤੋ 01.15 | 01.15 ਤੋ 02.00 |
| ਪਹਿਲਾ | ਮਾਨਸਿਕ ਯੋਗਤਾ | ਸਾਇੰਸ | **Refreshment/ Tea break** | ਸਮਾਜਿਕ ਸਿੱਖਿਆ | ਹਿਸਾਬ | **Lunch Break** | ਮਾਨਸਿਕ ਯੋਗਤਾ | ਹਿਸਾਬ |
| ਦੂਜਾ | ਮਾਨਸਿਕ ਯੋਗਤਾ | ਹਿਸਾਬ | | ਸਾਇੰਸ | ਸਮਾਜਿਕ ਸਿੱਖਿਆ | | ਸਾਇੰਸ | ਮਾਨਸਿਕ ਯੋਗਤਾ |
| ਤੀਜਾ | ਮਾਨਸਿਕ ਯੋਗਤਾ | ਸਮਾਜਿਕ ਸਿੱਖਿਆ | | ਹਿਸਾਬ | ਸਾਇੰਸ | | ਮਾਨਸਿਕ ਯੋਗਤਾ | ਸਮਾਜਿਕ ਸਿੱਖਿਆ |
| ਚੌਥਾ | ਮਾਨਸਿਕ ਯੋਗਤਾ | ਹਿਸਾਬ | | ਸਾਇੰਸ | ਸਮਾਜਿਕ ਸਿੱਖਿਆ | | ਹਿਸਾਬ | ਮਾਨਸਿਕ ਯੋਗਤਾ |

ਇਸ ਤਰ੍ਹਾ ਹਰ ਇੱਕ ਕੋਚਿੰਗ ਕੈਂਪ ਵਿੱਚ ਚਾਰ ਦਿਨਾਂ ਵਿੱਚ ਸਾਰੇ ਵਿਸ਼ਿਆਂ ਦੇਕੁੱਲ ਪੀਰੀਅਡ ਇਸ ਤਰ੍ਹਾਂ ਹੋਣਗੇ: ਮਾਨਸਿਕ ਯੋਗਤਾ-8, ਸਾਇੰਸ-5 ਹਿਸਾਬ-6 ਅਤੇ ਸਮਾਜਿਕ ਸਿੱਖਿਆ -5ਪੀਰੀਅਡ

2) ਉਪਰੋਕਤ ਦਰਸਾਏ ਟਾਈਮ ਟੇਬਲ ਅਨੁਸਾਰ ਆਪ ਆਪਣੇ ਜ਼ਿਲੇ ਦੀਆਂ ਤਹਿਸੀਲਾਂ ਦੇ ਲਈ ਮਿਤੀਆਂ ਫਿਕਸ ਕਰਕੇ ਵਿਦਿਆਰਥੀ ਅਤੇ ਅਧਿਆਪਕਾਂ ਨੂੰ ਨੋਟ ਕਰਵਾਓਗੇ ਅਤ ਇਸ ਦਫਤਰ ਨੂੰ ਵੀ ਇਹਨਾਂ ਮਿਤੀਆਂ ਦੀ ਅਗੇਤੀ ਸੂਚਨਾਂ ਦੇਵੋਗੇ ਤਾਂ ਜੋ ਹੈਂਡ ਆਫਿਸ ਤੋ ਮਨੀਟਰਿੰਗ ਵਾਸਤੇ ਟੀਮਾਂ ਭੇਜੀਆ ਜਾ ਸਕਣ।

3) ਉਕਤ ਕੋਚਿੰਗ ਲਈ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਤਹਿਸੀਲ ਪੱਧਰ ਤੇ 60-60 ਵਿਦਿਆਰਥੀਆਂ ਦੇ ਸੈਕਸ਼ਨ ਬਣਾਏ ਜਾਣਗੇ।

4) ਇਸ ਮੰਤਵ ਲਈ ਹਰ ਇੱਕ ਤਹਿਸੀਲ ਪੱਧਰ ਤੇ ਆਪ ਜੀ ਵੱਲੋ ਸਕੂਲ ਦੀ ਪਹਿਚਾਣ, ਸਕੂਲ ਮੁੱਖੀ ਦਾ ਨਾਂ ਅਤੇ ਫੋਨ ਨੰਬਰ ਹੈੱਡ ਆਫਿਸ ਨੂੰ ਭੇਜਿਆ ਜਾਵੇ।

5) ਕੋਚਿੰਗ ਦੌਰਾਨ ਸਕੂਲ ਵਿੱਚ ਬਿਜਲੀ , ਪਾਣੀ ਅਤੇ ਪਾਣੇ ਦੀ ਉਚਿਤ ਅਵਸਥਾ ਯਕੀਨੀ ਬਣਾਉਣਾ ਆਪ ਜੀ ਦੀ ਜਿੰਮੇਵਾਰੀ ਹੋਵੇਗੀ। ਖਾਣੇ ਦੀ ਵਿਵਸਥਾ ਸਕੂਲ ਦੇ ਮਿਡ ਡੇ ਮੀਲ ਵਿੱਚੋਂ ਸਕੂਲ ਵੱਲੋ ਹੀ ਕੀਤੀ ਜਾਵੇਗੀ। ਕੋਚਿੰਗ ਦੌਰਾਨ ਜਨਰੇਟਰ ਦੀ ਵਿਵਸਥਾ ਵੀ ਸਕੂਲ ਵੱਲੋ ਹੀ ਕੀਤੀ ਜਾਵੇਗੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**